ਜਮਾਤ- ਅੱਠਵੀਂ　　　　ਪਾਠ- 11 ਪੰਜਾਬੀ ਲੋਕ-ਨਾਚ ਗਿੱਧਾ

ਸਾਹਿਤ ਰੂਪ- ਲੇਖ　　　　ਲੇਖਕ-ਸੁਖਦੇਵ ਮਾਦਪੁਰੀ




**ਪ੍ਰਸ਼ਨ(ੳ) ਲੋਕ-ਨਾਚ ਕਿਸ ਨੂੰ ਆਖਦੇ ਹਨ?**

ਉੱਤਰ: ਜਦੋਂ ਮਨੁੱਖ ਆਪਣੇ ਮਨ ਦੀ ਖੁਸ਼ੀ ਦਾ ਪ੍ਰਗਟਾਵਾ ਵਜਦ ਵਿੱਚ ਆ ਕੇ ਸਰੀਰਕ ਹਰਕਤਾਂ ਰਾਹੀਂ ਕਰਦਾ ਹੈ ਅਤੇ ਰਾਗ ਤੇ ਤਾਲ ਦੇ ਸੁਮੇਲ ਨਾਲ ਨੱਚ ਉੱਠਦਾ ਹੈ। ਇੱਕ ਮਨੁੱਖ ਦੀ ਖੁਸ਼ੀ ਵਿੱਚ ਸ਼ਾਮਿਲ ਹੋਣ ਲਈ ਜਦੋਂ ਦੂਸਰੇ ਸਾਥੀ ਉਸ ਨਾਲ ਰਲ਼ ਕੇ ਨੱਚਣ ਲੱਗ ਜਾਂਦੇ ਹਨ,ਤਾਂ ਇਹ ਨਾਚ ਸਮੂਹਿਕ ਨਾਚ ਦਾ ਰੂਪ ਧਾਰਨ ਕਰ ਲੈਂਦਾ ਹੈ। ਇਸ ਨੂੰ ਲੋਕ-ਨਾਚ ਕਹਿੰਦੇ ਹਨ।

**ਪ੍ਰਸ਼ਨ(ਅ) ਪੰਜਾਬ ਦੇ ਲੋਕ-ਨਾਚ ਕਿਹੜੇ-ਕਿਹੜੇ ਹਨ?**




ਉੱਤਰ: ਗਿੱਧਾ, ਭੰਗੜਾ, ਝੂੰਮਰ, ਲੁੱਡੀ, ਧਮਾਲ, ਸੰਮੀ, ਕਿੱਕਲੀ ਆਦਿ ਪੰਜਾਬ ਦੇ ਲੋਕ-ਨਾਚ ਹਨ।

**ਪ੍ਰਸ਼ਨ(ੲ) ਗਿੱਧਾ ਕਦੋਂ ਪਾਇਆ ਜਾਂਦਾ ਹੈ?**

ਉੱਤਰ: ਗਿੱਧਾ ਕਿਸੇ ਵੀ ਖੁਸ਼ੀ ਦੇ ਮੋਕੇ ਉੱਤੇ ਪਾਇਆ ਜਾ ਸਕਦਾ ਹੈ। ਵਿਆਹ-ਸ਼ਾਦੀ ਦੇ ਮੌਕੇ ਤੇ ਵਿਸ਼ੇਸ਼ ਤੌਰ ਤੇ ਪਾਇਆ ਜਾਂਦਾ ਹੈ। ਸਾਉਣ ਦੇ ਮਹੀਨੇ ਵਿੱਚ ਤੀਆਂ ਦੇ ਤਿਉਹਾਰ ਤੇ ਵੀ ਪੰਜਾਬ ਦੀਆਂ ਮੁਟਿਆਰਾਂ ਗਿੱਧਾ ਪਾਉਂਦੀਆਂ ਹਨ।

**ਪ੍ਰਸ਼ਨ(ਸ) ਮੁਟਿਆਰਾਂ ਗਿੱਧਾ ਕਿਵੇਂ ਪਾਉਂਦੀਆਂ ਹਨ?**




ਉੱਤਰ: ਇੱਕ ਗੋਲ-ਦਾਇਰਾ ਬਣਾ ਕੇ ਇੱਕ ਮੁਟਿਆਰ ਵਿੱਚ ਢੋਲਕੀ ਲੈ ਕੇ ਬੈਠ ਜਾਂਦੀ ਹੈ। ਢੋਲਕੀ ਵੱਜਦੀ ਹੈ ਅਤੇ ਇੱਕ ਕੁੜੀ ਬਾਂਹ ਉਲਾਰ ਕੇ ਬੋਲੀ ਪਾਉਂਦੀ ਹੋਈ ਦਾਇਰੇ ਵਿੱਚ ਚਾਰੇ-ਪਾਸੇ ਘੁੰਮਦੀ ਹੈ। ਬੋਲੀ ਦੇ ਆਖਰੀ ਟੱਪੇ ਨੂੰ ਸਾਰੀਆਂ ਕੁੜੀਆਂ ਚੁੱਕ ਲੈਂਦੀਆਂ ਹਨ ਅਤੇ ਤਾੜੀ ਮਾਰ ਕੇ ਤਾਲ ਦਿੰਦੀਆਂ ਹਨ। ਇਸ ਸਮੇਂ ਦਾਇਰੇ ਵਿੱਚੋਂ ਨਿਕਲ ਕੇ ਦੋ ਕੁੜੀਆਂ ਨੱਚਣ ਲੱਗ ਪੈਂਦੀਆਂ ਹਨ। ਇਸ ਤਰ੍ਹਾਂ ਗਿੱਧਾ ਲਗਾਤਾਰ ਮਗਦਾ ਰਹਿੰਦਾ ਹੈ।

**ਪ੍ਰਸ਼ਨ(ਹ) ਮੁਟਿਆਰਾਂ ਦੇ ਗਿੱਧੇ ਅਤੇ ਮਰਦਾਂ ਦੇ ਗਿੱਧੇ ਵਿੱਚ ਕੀ ਅੰਤਰ ਹੈ?**



ਉੱਤਰ: ਮਰਦਾਂ ਦੇ ਗਿੱਧੇ ਵਿੱਚ ਮੁਟਿਆਰਾਂ ਦੇ ਗਿੱਧੇ ਵਾਲਾ ਰੰਗ ਨਹੀਂ ਹੁੰਦਾ। ਗਿੱਧਾ ਪਾਉਣ ਦਾ ਢੰਗ ਹੈ ਤਾਂ ਮੁਟਿਆਰਾਂ ਵਾਲਾ ਹੀ ਹੈ ਪਰ ਮਰਦਾਂ ਦੇ ਗਿੱਧੇ ਵਿੱਚ ਮਟਿਆਰਾਂ ਦੇ ਨਾਚ ਵਾਲੀ ਲਚਕ ਨਹੀਂ ਹੁੰਦੀ। ਇਸ ਵਿੱਚ ਬਹੁਤਾ ਜ਼ੋਰ ਬੋਲੀਆਂ ਉੱਤੇ ਹੁੰਦਾ ਹੈ।

**ਪ੍ਰਸ਼ਨ 2 ਔਖੇ ਸ਼ਬਦਾਂ ਦੇ ਅਰਥ:**




ਅਵਸਰ- ਮੌਕਾ, ਸਮਾਂ

ਗੋਲ-ਦਾਇਰਾ- ਗੋਲ ਚੱਕਰ, ਘੇਰਾ

ਅਨੂਠਾ- ਅਨੋਖਾ, ਅਸਚਰਜ

ਅੰਤਰਾ- ਕਿਸੇ ਗੀਤ ਵਿੱਚ ਟੇਕ ਜਾਂ ਸਥਾਈ ਤੋਂ ਛੁੱਟ ਬਾਕੀ ਤੁਕਾਂ

ਜੇਡ- ਜਿੱਡਾ, ਜਿੰਨਾ ਵੱਡਾ

ਬਰੋਟੇ- ਬੋਹੜ ਦਾ ਦਰੱਖਤ

ਢਾਬ- ਕੱਚਾ ਤਲਾਅ, ਟੋਬਾ, ਪਾਣੀ ਦਾ ਭਰਿਆ ਡੂੰਘਾ ਟੋਆ

ਬਰੰਗ- ਬਿਨਾਂ ਟਿਕਟ ਜਾਂ ਘੱਟ ਟਿਕਟਾਂ ਲੱਗੀ ਚਿੱਠੀ

ਬਲਾ- ਬਹੁਤ, ਗਜ਼ਬ ਦਾ

ਪ੍ਰਤਿਭਾ- ਕੁਦਰਤੀ ਯੋਗਤਾ, ਸੂਖਮ ਬੁੱਧੀ

ਸੁਰਜੀਤ- ਜਿਊਂਦਾ, ਜ਼ਿੰਦਾ, ਹਰਿਆ-ਭਰਿਆ, ਜ਼ਿੰਦਾ-ਦਮ



ਸੰਮੀ

**ਪ੍ਰਸ਼ਨ 3 ਵਾਕਾਂ ਵਿੱਚ ਵਰਤੋ:**

1. ਪ੍ਰਗਟਾਵਾ- ਉਸ ਨੇ ਨੱਚ ਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕੀਤਾ।
2. ਮਨਮੋਹਕ - ਪਹਾੜਾਂ ਦੇ ਦ੍ਰਿਸ਼ ਮਨਮੋਹਕ ਹੁੰਦੇ ਹਨ।
3. ਹਾਵ-ਭਾਵ- ਉਸ ਦੇ ਹਾਵ-ਭਾਵ ਉਸ ਦੀ ਖੁਸ਼ੀ ਬਿਆਨ ਕਰਦੇ ਹਨ।
4. ਹਰਕਤ- ਮਨੁੱਖ ਦੀ ਗਲਤ ਹਰਕਤ ਨੇ ਕੁਦਰਤ ਨੂੰ ਨਰਾਜ਼ ਕਰ ਦਿੱਤਾ।
5. ਸਾਂਗ- ਕਿਸੇ ਅਪਾਹਿਜ ਦਾ ਸਾਂਗ ਨਹੀਂ ਰਚਣਾ ਚਾਹੀਦਾ।
6. ਵੰਨਗੀ-ਫੁੱਲਾਂ ਦੀਆਂ ਕਈ ਵੰਨਗੀਆਂ ਬਾਗ ਵਿੱਚ ਲੱਗੀਆਂ ਸਨ।
7. ਰੰਗ ਬੰਨ੍ਹਣਾ- ਮੁਟਿਆਰਾਂ ਦੇ ਗਿੱਧੇ ਨੇ ਰੰਗ ਬੰਨ੍ਹ ਦਿੱਤਾ।
8. ਪਰੰਪਰਾ- ਖੁਸ਼ੀ ਦੇ ਮੌਕੇ ਗਿੱਧਾ ਭੰਗੜਾ ਪਾਉਣਾ ਪੰਜਾਬ ਦੀ ਪਰੰਪਰਾ ਹੈ।



ਝੂਮਰ



ਧਮਾਲ

ਤਿਆਰਕਰਤਾ
ਕਮਲਜੀਤ ਸਿੰਘ
ਪੰਜਾਬੀ ਮਾਸਟਰ
ਸਹਸ ਰੱਤਾਖੇੜਾ